ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਬਾਈਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

**ਮੋਗਾ ਬੋਲਦਾ ਹੈ**

**ਕਾਂਡ ਨੰ. 22**

**ਲੇਖਕ: ਸ. ਹਰਨੇਕ ਸਿੰਘ ਰੋਡੇ**

ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)


# ਮੋਗਾ ਗਿੱਲ ਦਾ ਮੁੱਢਲਾ ਇਤਿਹਾਸ

1181 ਵਿਚ ਜਦੋਂ ਗੌਰੀ ਨੇ ਭਟਿਆਣਾ ਸਮੇਤ ਸਾਬੋਕਾ, ਸਰਹੰਦ ਆਪਣੇ ਇਹ ਰਾ-ਦਾਦੂ ਸ਼ਕਤੀ ਵਾਲਾ ਪੁਰਸ਼ ਹੋਇਆ। ਉਹਨਾਂ ਸਮਿਆਂ ਵਿਚ ਪਾਣੀ ਦੀ ਕਿੱਲਤ ਆਮ ਸੀ। ਜੇ ਬਾਰਸ਼ ਪੈ ਗਈ ਤਾਂ ਫਸਲਾਂ ਆਮ ਨਹੀਂ ਤਾਂ ਔਖੇ ਹੀ ਡੰਗ ਟੱਪਦੇ ਸਨ। ਇਕ ਵਾਰੀ ਮਰਾਸੀ ਮੱਲਾਂ ਵਾਲੇ ਆਇਆ ਤਾਂ ਉਸਨੇ ਇਹਨਾਂ ਸ਼ੇਰਗਿੱਲਾਂ ਤੋਂ ਅਸ਼ੀਸ਼ ਦੇ ਕੇ ਖ਼ੈਰ ਮੰਗੀ ਪਰ ਹਾਲਾਤ ਮਾੜੇ ਹੋਣ ਕਰਕੇ ਮਰਾਸੀ ਖਾਲੀ ਹੀ ਮੁੜ ਆਇਆ ਸੀ। ਰਾ-ਦਾਦੂ ਸਖੀ ਸੁਭਾਅ ਦਾ ਵਿਅਕਤੀ ਦਰਵੇਸ਼ ਸੀ।

ਜਦ ਮਰਾਸੀ ਮੁੜਿਆ ਜਾਂਦਾ ਸੀ ਤਾਂ ਉਸ ਦੀ ਨਿਗਾਹ ਰਾ-ਦਾਦੂ 'ਤੇ ਪਈ ਜੋ ਦਰਿਆ ਸਤਲੁਜ ਵਿਚ ਅਸ਼ਨਾਨ ਕਰੀ ਜਾਂਦਾ ਸੀ। ਮਰਾਸੀ ਨੇ ਜਾ ਰਾ-ਦਾਦੂ ਨੂੰ ਅਸੀਸ ਦਿੱਤੀ। ਰਾ-ਦਾਦੂ ਨੇ ਮਰਾਸੀ ਨੂੰ ਦਰਿਆ ਵਿਚੋਂ ਪਾਣੀ ਦਾ ਬੁੱਕ ਭਰ ਕੇ ਖ਼ੈਰ ਪਾਈ। ਜਦ ਮਰਾਸੀ ਨੇ ਖ਼ੈਰ ਪੁਆ ਕੇ ਦੋਨੋਂ ਹੱਥ ਮੱਥੇ ਨੂੰ ਛੁਹਾਏ ਤਾਂ ਇਹ ਕੀਮਤੀ ਵਸਤਾਂ ਬਣ ਗਈਆਂ ਤਾਂ ਮਰਾਸੀ ਕਿਹਾ:

**ਇੱਕੋ ਦਾਦੂ ਬਾਝੋਂ**
**ਖੇਹ ਉੱਡੀ ਮੱਲਾਂਵਾਲੇ**
**ਰਾ ਚੰਦ ਗਾਹਲੀ ਕੱਢੀਆਂ**
**ਅਕਬਰ ਦੇ ਸਾਲੇ।**

ਉਦੋਂ ਸਤਲੁਜ ਦਰਿਆ ਮੱਲਾਂਵਾਲੇ ਦੇ ਉਤਲੇ ਪਾਸੇ ਵਗਦਾ ਹੁੰਦਾ ਸੀ। ਇਥੇ ਹੀ ਇਹਨਾਂ ਨੇ ਕੋਟ ਬੁੱਢਾ ਪਿੰਡ ਆਬਾਦ ਕੀਤਾ ਅਤੇ ਇਥੇ ਹੀ ਸ਼ੇਰਗਿੱਲ ਆਬਾਦ ਹੋ ਗਏ।



ਜੀਵਨੀ ਮਹਾਰਾਜਾ ਰਣਜੀਤ ਸਿੰਘ ਪੇਜ 13 ਅਨੁਸਾਰ ਰਾ-ਦਾਦੂ ਦੇ ਪੜੋਤੇ ਦੇ ਪੁੱਤਰ ਸੂਰਤੀਆਂ ਦੇ ਸਮੇਂ 1749 ਈ. ਨੂੰ ਇਸ ਸਥਾਨ 'ਤੇ ਮੀਰ ਮੰਨੂੰ ਅਤੇ ਸਿੱਖਾਂ ਦੀ ਜੋ ਘਮਸਾਨ ਦੀ ਲੜਾਈ ਹੋਈ ਸੀ, ਕੋਟ ਬੁੱਢਾ ਦੇ ਸਥਾਨ 'ਤੇ ਹੀ ਹੋਈ ਸੀ। ਲੜਾਈ ਵਿਚ ਸਿੱਖਾਂ ਦੀ ਅਗਵਾਈ ਨਵਾਬ ਕਪੂਰ ਸਿੰਘ ਕਰ ਰਿਹਾ ਸੀ। ਰਣਜੀਤ ਸਿੰਘ ਦਾ ਦਾਦਾ ਚੜ੍ਹਤ ਸਿੰਘ ਵੀ ਇਸ ਲੜਾਈ ਵਿਚ ਸ਼ਾਮਲ ਸੀ। ਸ਼ੇਰਗਿੱਲਾਂ ਦੀ ਬਹੁਤੀ ਵਸੋਂ ਉੱਤਰ-ਪੱਛਮ ਵੱਲ ਹੀ ਵਸੀ ਸੀ।

ਮਿਸ਼ਨ ਨਿਸ਼ਾਨਾ ਵਾਲੀ ਦੇ ਮੁਖੀਏ ਸ. ਸੁੱਖਾ ਸਿੰਘ ਅਤੇ ਸ. ਮੇਹਰ ਸਿੰਘ ਵੀ ਸ਼ੇਰ ਗਿੱਲਾਂ ਵਿੱਚੋਂ ਹੀ ਸਨ।

ਏਸੇ ਬੰਸ ਦੇ ਦਾਦੂ ਗਿੱਲ ਨੇ ਮਹਿਰ ਮਿੱਠੇ ਦੀ ਪੋਤੀ ਦਾ ਰਿਸ਼ਤਾ ਅਕਬਰ ਬਾਦਸ਼ਾਹ ਨੂੰ ਕਰਵਾਇਆ ਸੀ। ਇਸ ਮਿੱਠੇ ਮਹਿਰ ਦੀ ਪੋਤੀ ਦਾਦੂ ਗਿੱਲ ਦੇ ਪੁੱਤਰ ਮਥਰੇ ਨੂੰ ਵਿਆਹੀ ਹੋਈ ਸੀ। ਅਕਬਰ ਬਾਦਸ਼ਾਹ ਵੱਲੋਂ ਇਹਨਾਂ ਨੂੰ ਖ਼ਿਤਾਬ ਮਿਲੇ ਸਨ।

**ਟਿੱਕਾ ਧਾਲੀਵਾਲਾਂ ਦਾ**
**ਚੌਧਰ ਗਰੇਵਾਲਾਂ ਦੀ**
**ਬਜ਼ੁਰਗੀ ਦਾ ਦੁਸ਼ਾਲਾ ਗਿੱਲਾਂ ਨੂੰ**

ਗਰੇਵਾਲਾਂ ਨੇ ਵੀ ਅਕਬਰ ਬਾਦਸ਼ਾਹ ਨੂੰ ਮਹਿਰ ਮਿੱਠੇ ਦੀ ਪੋਤੀ ਦਾ ਰਿਸ਼ਤਾ ਕਰਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ। ਇਸ ਕਰਕੇ ਅਕਬਰ ਬਾਦਸ਼ਾਹ ਨੇ ਗਰੇਵਾਲਾਂ ਨੂੰ ਗੁੱਜਰਵਾਲ ਦੇ 40 ਪਿੰਡਾਂ ਦੀ ਚੌਧਰ ਦਿੱਤੀ ਸੀ। ਮਹਿਰ ਮਿੱਠਾ ਜਿਸਨੇ ਆਪਣੀ ਪੋਤੀ ਭਾਗਭਰੀ ਦਾ ਰਿਸ਼ਤਾ ਅਕਬਰ ਨੂੰ ਕੀਤਾ ਸੀ, ਇਸਨੂੰ ਅਕਬਰ ਬਾਦਸ਼ਾਹ ਨੇ ਮੀਏ ਦਾ ਖਿਤਾਬ ਦਿੱਤਾ ਸੀ।

ਮਾਲਵਾ ਇਤਿਹਾਸ ਦੇ ਪੰਨਾ 281 ਅਨੁਸਾਰ ਇਸ ਮਹਿਰ ਮਿੱਠੇ ਨੇ ਅਕਬਰ ਬਾਦਸ਼ਾਹ ਨੂੰ ਇਹ ਰਿਸ਼ਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਲਿਖਿਆ ਹੈ ਕਿ ਮਹਿਰ ਮਿੱਠੇ ਨੇ ਕਿਹਾ ਸੀ ਕਿ ਮੈਂ ਜੱਟ ਜਾਤੀ ਹਾਂ ਅਤੇ ਆਪ ਮੁਸਲਮਾਨ ਹੋ। ਮੈਂ ਜੰਗੇ ਮੈਦਾਨ ਵਿਚ ਆ ਕੇ ਜੰਗ ਕਰਕੇ ਮਰ ਸਕਦਾ ਹਾਂ ਪਰ ਇਹ ਰਿਸ਼ਤਾ ਨਹੀਂ ਕਰਾਂਗਾ। (ਚਲਦਾ)

# ਕਾਵਿ-ਕਿਆਰੀ

ਮਾ. ਜਸਵੀਰ ਸਿੰਘ ਧਾਲੀਵਾਲ (ਕੈਨੇਡਾ)

## (1) ਯਾਦ

ਜਦੋਂ ਦਾ ਪਿਆਰ ਤੂੰ,
ਸਾਡੇ ਨਾਲ ਪਾ ਲਿਆ।
ਜ਼ਿੰਦਗੀ ਜਿਉਣ ਦਾ,
ਅਨੰਦ ਜਿਹਾ ਆ ਗਿਆ।
ਇੱਕ ਦਿਨ ਅੱਡੇ ਉੱਤੇ ਬੈਠ,
ਗੱਲਾਂ ਕੀਤੀਆਂ ਸੀ ਵਾਹਲੀਆਂ।
ਮੈਨੂੰ ਪਿਆਰ ਨਾਲ ਹੁੰਗਾਰਾ,
ਭਰਨ ਦਾ ਸੁਆਦ ਜਿਹਾ ਆ ਗਿਆ।
ਜਦੋਂ ਦਾ ਪਿਆਰ ਤੂੰ,
ਸਾਡੇ ਨਾਲ ਪਾ ਲਿਆ।
ਜ਼ਿੰਦਗੀ ਜਿਉਣ ਦਾ,
ਅਨੰਦ ਜਿਹਾ ਆ ਗਿਆ।
ਇਕ ਦਿਨ ਮੋਗੇ ਤੋਂ,
ਬਰਨਾਲੇ ਦਾ ਟਿਕਟ ਕੱਟਾ ਲਿਆ।
ਇਕ ਦੂਜੇ ਵਿਚ ਪਾਸੇ ਮਾਰਨ ਦਾ,
ਅਨੰਦ ਜਿਹਾ ਆ ਗਿਆ।
ਮੈਨੂੰ ਵੀ ਪਿਆਰ ਨਾਲ ਹੱਥ,
ਫੜਨ ਦਾ ਸੁਆਦ ਜਿਹਾ ਆ ਗਿਆ।
ਜਦੋਂ ਦਾ ਪਿਆਰ ਤੂੰ,
ਸਾਡੇ ਨਾਲ ਪਾ ਲਿਆ।
ਜ਼ਿੰਦਗੀ ਜਿਉਣ ਦਾ,
ਅਨੰਦ ਜਿਹਾ ਆ ਗਿਆ।
ਬਰਨਾਲੇ ਕੰਟੀਨ ਵਿਚ ਜਾ ਕੇ,
ਚਾਹ ਪਾਣੀ ਦਾ ਸੁਆਦ ਜਿਹਾ ਆ ਗਿਆ।
ਕਾਲਜ ਦੀਆਂ ਗੱਲਾਂ ਤੂੰ,
ਸੁਨਾਈਆਂ ਸੀ ਕਰਾਰੀਆਂ।
ਉਨ੍ਹਾਂ ਨਾਲ ਪਕੌੜਿਆਂ ਦਾ,
ਸੁਆਦ ਜਿਹਾ ਆ ਗਿਆ।
ਮੈਨੂੰ ਵੀ "ਸੰਤ ਰਾਮ ਉਦਾਸੀ",
ਗੀਤ ਸੁਣਾਉਣ ਦਾ,
ਅਨੰਦ ਜਿਹਾ ਆ ਗਿਆ।
ਜਦੋਂ ਦਾ ਪਿਆਰ ਤੂੰ,
ਸਾਡੇ ਨਾਲ ਪਾ ਲਿਆ।
ਜ਼ਿੰਦਗੀ ਜਿਉਣ ਦਾ,
ਅਨੰਦ ਜਿਹਾ ਆ ਇਗਆ।
ਸਿਖ਼ਰ ਦੁਪਹਿਰੇ ਨੀਲਾ ਸੂਟ ਪਾ,
ਸਾਡੇ ਪਿੰਡ ਆਈ ਸੀ।
ਬੀਬੀ ਕੋਲ ਬੈੌ ਦੇਖ ਮੈਂ ਘਬਰਾ ਗਿਆ।
ਹੌਂਸਲਾ ਜਿਹਾ ਕਰਕੇ ਮੈਂ,
ਸਤਿ ਸ੍ਰੀ ਅਕਾਲ ਬੁਲਾ ਕੇ ਤੁਹਾਡੇ ਕੋਲ ਬੈਠ ਗਿਆ।
ਤੂੰ ਪਿਆਰ ਨਾਲ ਆਪਣੇ ਘਰ ਦੀ,
ਕਹਾਣੀ ਬੀਬੀ ਨੂੰ ਸੁਣਈ ਸੀ।
ਜਾਣ ਲੱਗੀ ਨੇ ਪਿਆਰ ਨਾਲ,
ਸਤਿ ਸ੍ਰੀ ਅਕਾਲ ਬੁਲਾਈ ਸੀ।
ਉਸ ਸਤਿ ਸ੍ਰੀ ਅਕਾ ਦਾ,
ਸੁਆਦ ਜਿਹਾ ਆ ਗਿਆ।
ਜਦੋਂ ਦਾ ਪਿਆਰ ਤੂੰ,
ਸਾਡੇ ਨਾਲ ਪਾ ਲਿਆ।
ਜ਼ਿੰਦਗੀ ਜਿਉਣ ਦਾ,
ਅਨੰਦ ਜਿਹਾ ਆ ਗਿਆ।
ਅਜੇ ਤਾਂ ਦੁਪਿਹਰ ਬਹੁਤ ਆਖ,
ਤੈਨੂੰ ਮੈਂ ਬੈਠਕ ਵਿਚ ਬਿਠਾ ਲਿਆ।
ਤੂੰ ਆਖਿਆ ਸੀ ਜਸਵੀਰ,
ਕਾਤੋਂ ਨਰਵਸ ਜਿਹਾ ਹੋ ਗਿਆ।
ਤੈਨੂੰ ਦੇਖ ਸੱਚੀ ਮੁਚੀ ਮੈਂ ਘਬਰਾ ਗਿਆ।
ਪਰ ਮੈਨੂੰ ਤੇਰੇ ਘਰ ਆਉਣ ਦਾ,
ਸੁਆਦ ਜਿਹਾ ਆ ਗਿਆ।
ਜਦੋਂ ਦਾ ਪਿਆਰ ਮੈਂ,
ਤੇਰੇ ਨਾਲ ਪਾ ਲਿਆ।
ਜ਼ਿੰਦਗੀ ਜਿਉਣ ਦਾ,
ਅਨੰਦ ਜਿਹਾ ਆ ਗਿਆ।

## (2) ਪਿੰਡ

ਮੈਨੂੰ ਤਾਂ ਮੇਰੇ ਪਿੰਡ ਨਾਲ,
ਬਹੁਤਾ ਹੀ ਮੋਹ ਹੈ।
ਉਥੋਂ ਦੀਆਂ ਗਲੀਆਂ ਅਤੇ ਛੱਪੜਾਂ ਨਾਲ,
ਉਥੋਂ ਦੀਆਂ ਫਸਲਾਂ ਅਤੇ ਰੁੱਤਾਂ ਨਾਲ,
ਉਥੋਂ ਦੇ ਸ਼ਹਿਰਾਂ ਅਤੇ ਪਿੰਡਾਂ ਨਾਲ,
ਉਥੋਂ ਦੇ ਖੇਤਾਂ ਅਤੇ ਰਾਹਾਂ ਨਾਲ,
ਬਹੁਤਾ ਹੀ ਪਿਆਰ ਹੈ।
ਮੈਨੂੰ ਤਾਂ ਮੇਰੇ ਪਿੰਡ ਨਾਲ,
ਬਹੁਤਾ ਹੀ ਮੋਹ ਹੈ।
ਉਥੋਂ ਦੇ ਮੁੰਡੇ ਅਤੇ ਕੁੜੀਆਂ ਨਾਲ,
ਉਥੋਂ ਦੇ ਅਧਿਆਪਕ ਅਤੇ ਸਕੂਲ ਨਾਲ,
ਉਥੋਂ ਦੇ ਗਰੀਬਾਂ ਅਤੇ ਬਜ਼ੁਰਗਾਂ ਨਾਲ,
ਉਥੋਂ ਦੇ ਨੌਜਵਾਨ ਭਾਰਤ ਸਭਾ ਦੇ ਮੈਂਬਰਾਂ ਨਾਲ,
ਬਹੁਤ ਹੀ ਪਿਆਰ ਹੈ।
ਮੈਨੂੰ ਤਾਂ ਮੇਰੇ ਪਿੰਡ ਨਾਲ,
ਬਹੁਤਾ ਹੀ ਮੋਹ ਹੈ।
ਉਥੋਂ ਦੇ ਗੁਰਮੇਲ ਲਖਰੀ ਨਾਲ,
ਬਹੁਤਾ ਹੀ ਪਿਆਰ ਹੈ।
ਕਾਲਜ ਦੇ ਦਿਨਾਂ ਵਿਚ 'ਮਾਲੀ' ਨਾਲ,
ਮੋਢਾ ਲਾ ਕੇ ਲੀਡਰਾਂ 'ਚ ਨਾਮ ਲਖਵਾ ਲਿਆ,
ਕਾਲਜ ਦੇ ਮੈਗਜ਼ੀਨ ਦਾ ਸੰਪਾਦਕ ਬਣ,
ਲੱਖਰੀ ਹੋਣ ਦਾ ਰਸਤਾ ਬਣਾ ਲਿਆ,
ਯੂਥ ਫੈਸਟੀਵਲ 'ਚ ਭੜਕਾਊ ਭਾਸ਼ਨ ਦੇ ਕੇ,
ਕਾਲਜ ਦੇ ਮੁੰਡੇ ਅਤੇ ਕੁੜੀਆਂ 'ਚ ਨਾਮ ਬਣਾ ਲਿਆ,
ਨੌਜਵਾਨ ਭਾਰਤ ਸਭਾ ਬੌਡੇ ਵਿਚ
ਜਸਵੀਰ ਦਾ ਸਾਥ ਦੇ ਕੇ ਚੰਗਾ ਜੋਗ ਦਾਨ ਪਾ ਲਿਆ,
ਭਗਤ ਸਿੰਘ ਵਾਂਗ ਜੋਸ਼ ਨਾਲ ਮੁੱਕ ਤਾਣ,
ਇਨਕਲਾਬ ਜਿੰਦਾਬਾਦ ਦਾ ਨਾਹਰਾ ਉਹ ਲਾ ਗਿਆ,
ਕਿਤੇ ਉਹ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ,
ਦਾ ਪਾਠ ਉਹ ਪੜ੍ਹ ਗਿਆ।
ਅਧਿਆਪਕ ਤੋਂ ਪ੍ਰਿੰਸੀਪਲ ਬਣ,
ਆਪਣਾ ਅਤੇ ਪਿੰਡ ਦਾ ਨਾਮ ਚਮਕ ਗਿਆ।
ਇਸ ਕਰਕੇ ਹੀ 'ਜਸਵੀਰ' ਨੂੰ ਉਹਦੇ ਨਾਲ ਪਿਆਰ।
ਮੈਨੂੰ ਤਾਂ ਆਪਣੇ ਪਿੰਡ ਨਾਲ ਬਹੁਤਾ ਹੀ ਮੋਹ ਹੈ।

## (3) ਸਲੀਕਾ

ਤਿੰਨ ਅੱਖਰ ਦਾ ਸੁਮੇਲ ਸਲੀਕਾ,
ਕਿੰਨਾ ਸੋਹਣਾ ਨਾਮ ਹੈ ਸਲੀਕਾ,
ਸਲੀਕੇ ਨਾਲ ਜੋ ਵੀ ਬੋਲੇ,
ਉਹ ਲੋਕਾਂ ਤੋਂ ਸਚਿਰ ਗੁਰੂ ਕਹਾਵੇ।
ਸਲੀਕੇ ਨਾਲ ਜੋ ਵੀ ਧਿਆਵੇ,
ਉਹ ਤਾਂ ਫਿਰ ਰੱਬ ਨੂੰ ਪਾਵੇ।
ਸਲੀਕੇ ਨਾਲ ਜੋ ਵੀ ਖਾਵੇ,
ਉਹ ਤਾਂ ਆਪਣੀ ਸਿਹਤ ਬਣਾਵੇ।
ਸਲੀਕੇ ਨਾਲ ਜੋ ਵੀ ਮੁਸਕਰਾਵੇ,
ਦੇਖਣ ਵਾਲੇ ਦੇ ਮਨ ਨੂੰ ਭਾਵੇ।
ਸਲੀਕੇ ਨਾਲ ਜੋ ਵੀ ਦੇਖੇ,
ਉਹ ਲੋਕਾਂ ਦੇ ਮਨ ਵਿਚ ਉਤਰ ਜਾਵੇ।
ਸਲੀਕੇ ਨਾਲ ਜੋ ਰਾਤ ਨੂੰ ਸੌਂਵੇਂ,
ਉਹ ਤੜਕੇ ਉੱਠ ਟਾਇਮ ਨਾਲ ਜਾਵੇ,
ਸਲੀਕੇ ਨਾਲ ਜੋ ਚਾਹ ਪਿਆਵੇ,
ਉਹ ਚੰਗੀ ਘਰਵਾਲੀ ਕਹਾਵੇ।
ਸਲੀਕੇ ਨਾਲ ਜੋ ਵੀ ਗੀਤ ਗਾਵੇ,
ਉਹ ਲੋਕਾਂ ਤੋਂ ਕੋਇਲ, 'ਮਾਣਕ' ਅਖਵਾਵੇ।
ਸਲੀਕੇ ਨਾਲ ਜੋ ਵੀ ਸੁਣਾਵੇ,
ਉਹ ਲੋਕਾਂ ਤੋਂ ਗਿਆਨੀ, ਮਸਕੀਨ ਅਖਵਾਵੇ।
ਸਲੀਕੇ ਨਾਲ ਜੋ ਕਾਰ ਚਲਾਵੇ,
ਉਹ ਤਾਂ ਆਪਣੀ ਮੰਜ਼ਲ ਤੇ ਪਹੁੰਚ ਜਾਵੇ।
ਸਲੀਕੇ ਨਾਲ ਜੋ ਵੀ ਪੜ੍ਹਾਵੇ,
ਉਹ ਤਾਂ 'ਗੁਰਮੇਲ ਬੌਡੇ' ਵਾਂਗ ਚੰਗਾ ਮਾਸਟਰ ਜੀ ਕਹਾਵੇ।